# ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਖ਼ੁਦਾ ਬਾਪ ਦੇ ਦਿਲ ਦੀ ਪੁਕਾਰ

## *ਪਿਤਾ ਦੀ ਪਿਆਰ ਭਰੀ ਚਿੱਠੀ*

ਮੇਰੇ ਪੁੱਤਰ ਤੂੰ ਮੈਨੂੰ ਨਹੀਂ ਜਾਣਦਾ ਹੈਂ, ਪਰ ਮੈਂ ਤੇਰੇ ਬਾਰੇ ਸਭ ਕੁਝ ਜਾਣਦਾ ਹਾਂ...(ਜ਼ਬੂਰ 139-1) । ਮੈਂ ਤੇਰਾ ਉਠਣਾ ਬੈਠਣਾ ਵੀ ਜਾਣਦਾ ਹਾਂ ..(ਜ਼ਬੂਰ 139:2) । ਮੈਂ ਤੇਰੇ ਇੱਕ ਇੱਕ ਰਾਹ ਨੂੰ ਜਾਣਦਾ ਹਾਂ ...(ਜ਼ਬੂਰ 139:3) । ਤੇਰੇ ਸਿਰ ਦਾ ਇੱਕ ਇੱਕ ਵਾਲ ਵੀ ਮੇਰਾ ਗਿਣਿਆ ਹੋਇਆ ਹੈ..(ਮੱਤੀ 10:29-31) ਕਿਉਂਕਿ ਤੂੰ ਮੇਰੇ ਸਰੂਪ ਤੋਂ ਬਣਾਇਆ ਗਿਆ ਹੈਂ..(ਉਤਪਤ 1:27)। ਤੂੰ ਮੇਰੇ ਵਿੱਚ ਜੀਉਂਦਾ ਚੱਲਦਾ ਫਿਰਦਾ ਅਤੇ ਕਾਇਮ ਹੈਂ, ਕਿਉਂਕਿ ਤੂੰ ਮੇਰਾ ਅੰਸ਼ ਹੈਂ।...(ਰਸੂਲਾਂ ਦੇ ਕਰਤੱਬ 17:28) ਤੇਰੇ ਜੰਮਣ ਤੋਂ ਪਹਿਲਾਂ ਹੀ, ਮੈਂ ਤੈਨੂੰ ਜਾਣਦਾ ਹਾਂ..(ਯਰਮਿਯਾਹ 1:4-5) ਸਭ ਕੁਝ ਰਚਨ ਦੇ ਵੇਲੇ ਹੀ ਮੈਂ ਤੈਨੂੰ ਚੁਣ ਲਿਆ ਸੀ..(ਅਫਸੀਆਂ 1:11-12)। ਤੇਰਾ ਵਜੂਦ ਵਿੱਚ ਆਉਣਾ ਐਵੇਂ ਹੀ ਨਹੀਂ ਹੈ, ਤੇਰੇ ਹੋਂਦ ਵਿੱਚ ਆਉਣ ਬਾਰੇ ਮੇਰੀ ਕਿਤਾਬ ਵਿੱਚ ਲਿਖਿਆ ਹੋਇਆ ਹੈ....(ਜ਼ਬੂਰ 139:15-16) । ਮੈਂ ਹੀ ਤੇਰੇ ਜੰਮਣ ਦਾ ਇੱਕ ਵੇਲਾ ਰੱਖਿਆ, ਤੂੰ ਕਿਥੇ ਰਹੇਂਗਾ, ਇਹ ਵੀ ਮੈਂ ਹੀ ਨਿਰਧਾਰਤ ਕੀਤਾ (ਰਸੂਲਾਂ 17:26) । ਤੇਰੀ ਰਚਨਾ ਬੜੀ ਨਿਰਾਲੀ ਅਤੇ ਅਦਭੁਤ ਹੈ...(ਜ਼ਬੂਰ 139:14) । ਮੈਂ ਹੀ ਤੈਨੂੰ ਤੇਰੀ ਮਾਂ ਦੀ ਕੁੱਖ ਵਿੱਚ ਬਣਾਇਆ..(ਜ਼ਬੂਰ 139:13) । ਤੇਰੇ ਜੰਮਣ ਦੇ ਦਿਨ ਮੈਂ ਤੈਨੂੰ ਦੁਨਿਆ ਦੇ ਵਿੱਚ ਲੈ ਆਇਆ ..(ਜ਼ਬੂਰ 71:6)। ਜਿਹੜੇ ਮੈਨੂੰ ਨਹੀਂ ਜਾਣਦੇ, ਉਹ ਗ਼ਲਤ ਢੰਗ ਨਾਲ ਮੈਨੂੰ ਪੇਸ਼ ਕਰਦੇ ਹਨ..(ਯੂਹੰਨਾ 8:41-44)। ਮੈਂ ਤੇਰੇ ਨਾਲ ਗੁੱਸੇ ਨਹੀਂ ਹਾਂ, ਸਗੋਂ ਮੈਂ ਤਾਂ ਖ਼ੁਦ ਪਿਆਰ ਦਾ ਇੱਕ ਰੂਪ ਹਾਂ..(1 ਯੂਹੰਨਾ 4:16) ਮੈਂ ਆਪਣਾ ਪਿਆਰ ਤੇਰੇ ਤੇ ਵਾਰਨਾ ਚਾਹੁੰਦਾ ਹਾਂ (1 ਯੂਹੰਨਾ 3:1)। ਮੈਂ ਏਹ ਇਸ ਲਈ ਨਹੀਂ ਕਹਿੰਦਾ ਕਿ ਤੂੰ ਮੇਰਾ ਪੁੱਤਰ ਅਤੇ ਮੈਂ ਤੇਰਾ ਬਾਪ ਹਾਂ...(1 ਯੂਹੰਨਾ 3:1) ਬਲਕਿ ਏਸ ਲਈ ਕਿ ਮੈਂ ਤੈਂਨੂੰ ਸੰਸਾਰਕ ਪਿਤਾ ਨਾਲੋਂ ਵੱਧ ਪਿਆਰ ਦੇਣਾ ਮੰਗਦਾ ਹਾਂ..(ਮੱਤੀ 7:11)। ਕਿਉਂਕਿ ਮੈਂ ਇੱਕ ਸੰਪੂਰਣ ਪਿਤਾ ਹਾਂ..(ਮੱਤੀ 5:48)। ਸਾਰੀਆਂ ਭਲੀਆਂ ਬਰਕਤਾਂ ਮੇਰੇ ਕੋਲੋਂ ਹੀ ਮਿਲਦੀਆਂ ਹਨ...(ਯਾਕੂਬ 1:17) ਕਿਉਂਕਿ ਮੈਂ ਹੀ ਤੇਰੀਆਂ ਲੋੜਾਂ ਨੂੰ ਪੂਰਾ ਕਰਦਾ ਹਾਂ..(ਮੱਤੀ 6:31-33) । ਮੇਰੀਆਂ ਯੋਜਨਾਵਾਂ ਤੇਰੀਆਂ ਆਸਾਂ ਨੂੰ ਪੂਰਾ ਕਰਨ ਵਾਲੀਆਂ ਹਨ..(ਯਿਰਮਿਯਾਹ 29:11)। ਕਿਉਂਕਿ ਮੈਂ ਤੈਨੂੰ ਕਦੇ ਵੀ ਖ਼ਤਮ ਨਾ ਹੋਣ ਵਾਲਾ ਪਿਆਰ ਕਰਦਾ ਹਾਂ..(ਯਿਰਮਿਯਾਹ 31:3) ਮੇਰੇ ਦਿਲ ਵਿੱਚ ਤੇਰੀ ਭਲਿਆਈ ਲਈ ਸਮੁੰਦਰ ਦੀ ਰੇਤ ਦੇ ਕਣਾਂ ਵਾਂਗ ਸੋਚਾਂ ਹਨ..(ਜ਼ਬੂਰ 139:17-18) ਇੰਨਾਂ ਹੀ ਸੋਚਾਂ ਨਾਲ ਮੈਂ ਗੀਤ ਗਾ ਗਾ ਕੇ ਖੁਸ਼ ਹੁੰਦਾ ਹਾਂ..(ਸਫ਼ਨਯਾਹ 3:17) ਅਤੇ ਮੈਂ ਤੇਰੀ ਭਲਿਆਈ ਹਮੇਸ਼ਾਂ ਕਰਦਾ ਰਹਾਂਗਾ.(ਯਿਰਮਿਯਾਹ 32:40) ਕਿਉਂਕਿ ਤੂੰ ਹੀ ਮੇਰਾ ਵੱਡਮੁਲਾ ਧਨ ਹੈਂ..(ਕੂਚ 19:5)। ਮੈਂ ਦਿਲ ਜਾਨ ਤੋਂ ਚਾਹੁੰਦਾ ਹਾਂ ਕਿ ਤੂੰ ਮੇਰੇ ਵਿੱਚ ਮਜਬੂਤ ਰਹੇਂ..(ਯਿਰਮਿਯਾਹ 32:41)

ਮੈਂ ਤੇਰੇ ਜੀਵਨ ਵਿੱਚ ਵੱਡੇ ਵੱਡੇ ਕੰਮ ਕਰਨਾ ਚਾਹੁੰਦਾ ਹਾਂ..(ਯਿਰਮਿਯਾਹ 33:3)। ਜੇ ਤੂੰ ਮੈਨੂੰ ਸੱਚੇ ਮਨੋਂ ਲਭੇਂਗਾ ਤਾਂ ਪਾ ਜਾਵੇਂਗਾ (ਬਿਵਸਥਾਸਾਰ 4:29) ਤੂੰ ਮੇਰੇ ਵਿੱਚ ਹੋ ਕੇ ਮਸਤ ਰਹਿ, ਮੈਂ ਤੇਰੇ ਦਿਲ ਦੀ ਹਰ ਇੱਕ ਮੁਰਾਦ ਪੂਰੀ ਕਰਾਂਗਾ.. (ਜ਼ਬੂਰ 37:4)। ਭਲਿਆਂ ਮੁਰਾਦਾਂ ਦੀ ਚਾਹਤ ਵੀ ਮੈਂ ਹੀ ਦਿੰਦਾ ਹਾਂ (ਫਿਲਿੱਪੀਆਂ 2:13) । ਮੈਂ ਤੇਰੇ ਲਈ ਹਰ ਉਹ ਭਲਿਆਈਆਂ ਕਰਨਾ ਚਾਹੁੰਦਾ ਹਾਂ, ਜਿਹੜੀਆਂ ਕਦੇ ਤੇਰੇ ਚਿਤ ਧਿਆਨ ਵੀ ਨਹੀਂ ਆਇਆਂ ਹੋਣਗੀਆਂ.(ਅਫਸੀਆਂ 3:20) ਕਿਉਂਕਿ ਮੈਂ ਤੈਨੂੰ ਭਲਿਆਈ ਲਈ ਵੱਧਾਵਾ ਦੇਣ ਵਾਲਾ ਹਾਂ..(2 ਥਸਲੁਨੀਕੀਆਂ 2:16-17) । ਮੈਂ ਤੈਨੂੰ ਹਰ ਔਖੇ ਅਤੇ ਆੜੇ ਵੇਲੇ ਵਿੱਚ ਸੰਭਾਲਣ ਵਾਲਾ ਤੇਰਾ ਪਿਤਾ ਹਾਂ...(2 ਕੁਰਿੰਥੀਆਂ 1:3-4) । ਜਦੋਂ ਤੇਰਾ ਦਿਲ ਟੁਟਿਆ ਹੁੰਦਾ ਹੈ, ਤਦੋਂ ਵੀ ਮੈਂ ਹੀ ਤੈਨੂੰ ਸੰਭਾਲਦਾ ਹਾਂ..(ਜ਼ਬੂਰ 34:18)। ਜਿਵੇਂ ਅਯਾਲੀ ਭੇਡਾਂ ਨੂੰ ਗੋਦੀ ਚੁੱਕ ਕੇ, ਆਪਣੇ ਦਿਲ ਨਾਲ ਲਾ ਕੇ ਰੱਖਦਾ ਹੈ, ਇੰਵੇਂ ਹੀ ਮੈਂ ਵੀ ਰੱਖਦਾ ਹਾਂ..(ਯਸਾਯਾਹ 40:11) ਮੈਂ ਤੇਰੀਆਂ ਅੱਖਿਆਂ ਦੇ ਸਾਰੇ ਹੰਝੂਆਂ ਨੂੰ ਪੂੰਝ ਦੇਵਾਂਗਾ ਅਤੇ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦੇਵਾਂਗਾ (ਪ੍ਰਕਾਸ਼ ਦੀ ਪੋਥੀ 21:3-4) ਮੈਂ ਤੇਰਾ ਪਿਤਾ ਹਾਂ ਅਤੇ ਆਪਣੇ ਪੁੱਤਰ ਯਿਸੂ ਮਸੀਹ ਵਾਂਗ, ਤੈਨੂੰ ਪਿਆਰ ਕਰਦਾ...(ਯੂਹੰਨਾ 17:23) ਕਿਉਕਿ ਉਸੇ ਦੇ ਵਸੀਲੇ ਮੇਰਾ ਪਿਆਰ ਤੇਰੇ ਤੇ ਪ੍ਗਟ ਹੋਇਆ..(ਯੂਹੰਨਾ 17:26) ਉਸੇ ਵਿੱਚ ਮੇਰੀ ਭਰਪੂਰੀ ਵਸਦੀ ਹੈ..(ਇਬਰਾਨੀਆਂ 1:3) । ਓਸੇ ਨੇ ਮੈਨੂੰ ਪ੍ਗਟ ਕੀਤਾ ਅਤੇ ਦਸਿਆ ਕਿ ਮੈਂ ਭਲਿਆਈ ਚਾਹੁੰਦਾ ਹਾਂ..(ਰੋਮੀਆਂ 8:31) ਅਤੇ ਤੁਹਾਡੇ ਪਾਪ ਗਿਣਦਾ ਰਹਿੰਦਾ ਹਾਂ...(2 ਕੁਰਿੰਥੀਆਂ 5:18-19), ਯਿਸੂ ਮਸੀਹ ਨੇ ਹੀ ਮੇਰੇ ਨਾਲ ਮਿਲਾਪ ਕਰਾਉਣ ਵਾਸਤੇ ਆਪਣਾ ਫਿਦਿਆ ਦਿੱਤਾ (2 ਕੁਰਿੰਥੀਆ 5:18-19) ਉਸ ਦਾ ਫਿਦਿਆ ਮੇਰੇ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਹੈ...(1 ਯੂਹੰਨਾ 4:10) । ਤੇਰਾ ਪਿਆਰ ਪਾਉਣ ਲਈ ਮੈਂ ਆਪਣਾ ਸਭ ਕੁਝ ਦੇ ਦਿੱਤਾ....(ਰੋਮੀਆਂ 8:32) ਜੇ ਤੂੰ ਮੇਰੇ ਪੁੱਤਰ ਯਿਸੂ ਮਸੀਹ ਨੂੰ ਕਬੂਲ ਕਰਦਾ ਹੈ, ਤਾਂ ਮੈਨੂੰ ਹੀ ਕਬੂਲ ਕਰਦਾ ਹੈਂ....(1 ਯੂਹੰਨਾ 2:23) ਅਤੇ ਮੇਰੇ ਪਿਆਰ ਤੋਂ ਤੈਨੂੰ ਕੋਈ ਵੀ ਵਾਂਝਿਆ ਨਹੀਂ ਕਰ ਸਕੇਗਾ...(ਰੋਮੀਆਂ 8:38-39) ਘਰ ਵਾਪਸ ਆ ਜਾ ਪੁੱਤਰ, ਮੈਂ ਅਜਿਹੀ ਖੁਸ਼ੀ ਸਵਰਗ ਵਿੱਚ ਮਣਾਵਾਂਗਾ, ਜਿਹੜੀ ਕਦੇ ਵੀ ਮਣਾਈ ਨਾ ਗਈ ਹੋਵੇ (ਲੂਕਾ 15:7) ਮੈਂ ਤੇਰਾ ਪਿਤਾ ਸੀ ਅਤੇ ਹਮੇਸ਼ਾਂ ਰਹਾਂਗਾ..(ਅਫ਼ਸੀਆਂ 3:14-15) ਬਸ, ਮੈਂ ਤੈਨੂੰ ਇਕੋ ਹੀ ਗੱਲ ਪੁੱਛਦਾ ਹਾਂ, ਕਿ ਤੂੰ ਮੇਰਾ ਪੁੱਤਰ ਬਣੇਂਗਾ ?(ਯੂਹੰਨਾ 1:12-13) ਪੁੱਤਰ ਮੈਂ ਤੇਰੀਆਂ ਰਾਹਾਂ ਤੱਕ ਰਿਹਾ ਹਾਂ....(ਲੂਕਾ 15:11-32) ।

ਪਿਆਰ ਸਹਿਤ

ਤੇਰਾ ਪਿਤਾ

***ਸਰਬਸ਼ਕਤੀਮਾਨ ਪਰਮੇਸ਼ਵਰ***